# ਭਾਰਤ-ਚੀਨ ਕੋਰ ਕਮਾਂਡਰ ਪੱਧਰ ਦੀ ਮੀਟਿੰਗ ਦਾ 18ਵਾਂ ਦੌਰ

24 ਅਪ੍ਰੈਲ, 2023

ਭਾਰਤ-ਚੀਨ ਕੋਰ ਕਮਾਂਡਰ ਪੱਧਰ ਦੀ ਮੀਟਿੰਗ ਦਾ 18ਵਾਂ ਦੌਰ 23 ਅਪ੍ਰੈਲ 2023 ਨੂੰ ਚੀਨ ਵਾਲੇ ਪਾਸੇ ਚੁਸ਼ੁਲ-ਮੋਲਡੋ ਸਰਹੱਦ ਮੀਟਿੰਗ ਪੁਆਇੰਟ 'ਤੇ ਆਯੋਜਿਤ ਕੀਤਾ ਗਿਆ ਸੀ।

ਦੋਵਾਂ ਧਿਰਾਂ ਨੇ ਪੱਛਮੀ ਸੈਕਟਰ ਵਿੱਚ ਐਲਏਸੀ ਦੇ ਨਾਲ ਸਬੰਧਤ ਮੁੱਦਿਆਂ ਦੇ ਹੱਲ 'ਤੇ ਸਪੱਸ਼ਟ ਅਤੇ ਡੂੰਘਾਈ ਨਾਲ ਚਰਚਾ ਕੀਤੀ ਤਾਂ ਜੋ ਸਰਹੱਦੀ ਖੇਤਰਾਂ ਵਿੱਚ ਅਮਨ-ਚੈਨ ਅਤੇ ਸ਼ਾਂਤੀ ਬਹਾਲ ਕੀਤੀ ਜਾ ਸਕੇ, ਜਿਸ ਨਾਲ ਦੁਵੱਲੇ ਸਬੰਧਾਂ ਵਿੱਚ ਤਰੱਕੀ ਹੋ ਸਕੇਗੀ। ਰਾਜ ਦੇ ਨੇਤਾਵਾਂ ਦੁਆਰਾ ਪ੍ਰਦਾਨ ਕੀਤੇ ਗਏ ਮਾਰਗਦਰਸ਼ਨ ਅਤੇ ਦੋਵਾਂ ਵਿਦੇਸ਼ ਮੰਤਰੀਆਂ ਦਰਮਿਆਨ ਮਾਰਚ 2023 ਵਿੱਚ ਹੋਈ ਮੀਟਿੰਗ ਤੋਂ ਬਾਅਦ, ਉਨ੍ਹਾਂ ਨੇ ਖੁੱਲੇ ਅਤੇ ਸਪੱਸ਼ਟ ਤਰੀਕੇ ਨਾਲ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ।

ਇਸ ਵਿੱਚਕਾਰ, ਦੋਵੇਂ ਧਿਰਾਂ ਪੱਛਮੀ ਸੈਕਟਰ ਵਿੱਚ ਜ਼ਮੀਨੀ ਸੁਰੱਖਿਆ ਅਤੇ ਸਥਿਰਤਾ ਬਣਾਈ ਰੱਖਣ ਲਈ ਸਹਿਮਤ ਹੋਈਆਂ। ਦੋਵੇਂ ਧਿਰਾਂ ਨਜ਼ਦੀਕੀ ਸੰਪਰਕ ਵਿੱਚ ਰਹਿਣ ਸਮੇਤ ਫੌਜੀ ਅਤੇ ਕੂਟਨੀਤਕ ਪਣਾਲੀ ਰਾਹੀਂ ਗੱਲਬਾਤ ਨੂੰ ਚਾਲੂ ਰੱਖਣ ਅਤੇ ਬਾਕੀ ਮੁੱਦਿਆਂ ਦੇ ਇੱਕ ਆਪਸੀ ਪ੍ਰਵਾਨਤ ਹੱਲ ਨੂੰ ਛੇਤੀ ਤੋਂ ਛੇਤੀ ਕੱਢਣ ਲਈ ਸਹਿਮਤ ਹੋਏ।

**ਨਵੀਂ ਦਿੱਲੀ**

**24 ਅਪ੍ਰੈਲ, 2023**